## Visit of External Affairs Minister to the Russian Federation (November 7-8, 2022)

November 03, 2022

................

## ਵਿਦੇਸ਼ ਮੰਤਰੀ ਵੱਲੋਂ ਰੂਸੀ ਸੰਘ ਦਾ ਦੌਰਾ (7–8 ਨਵੰਬਰ, 2022)

## 3 ਨਵੰਬਰ, 2022

1. ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ 7–8 ਨਵੰਬਰ, 2022 ਤੱਕ ਰੂਸੀ ਸੰਘ ਦੀ ਅਧਿਕਾਰਤ ਯਾਤਰਾ ਕਰਨਗੇ।

2. ਇਸ ਦੌਰੇ ਦੌਰਾਨ ਵਿਦੇਸ਼ ਮੰਤਰੀ ਵੱਲੋਂ ਆਪਣੇ ਹਮਰੁਤਬਾ ਰੂਸੀ ਸੰਘ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਾਨ ਸਰਗੇਈ ਲਾਵਰੋਵ ਨਾਲ ਸਮੁੱਚੇ ਦੁਵੱਲੇ ਮੁੱਦਿਆਂ ਦੇ ਨਾਲ–ਨਾਲ ਵੱਖ–ਵੱਖ ਖੇਤਰੀ ਅਤੇ ਅੰਤਰਰਾਸ਼ਟਰੀ ਘਟਨਾਵਾਂ ਬਾਰੇ ਵੀ ਵਿਚਾਰ–ਵਟਾਂਦਰੇ ਕੀਤੇ ਜਾਣ ਦੀ ਉਮੀਦ ਹੈ।

3. ਵਿਦੇਸ਼ ਮੰਤਰੀ ਰੂਸੀ ਸੰਘ ਦੇ ਉਪ ਪ੍ਰਧਾਨ ਮੰਤਰੀ ਅਤੇ ਵਪਾਰ ਅਤੇ ਉਦਯੋਗ ਮੰਤਰੀ ਮਹਾਮਹਿਮ ਸ਼੍ਰੀਮਾਨ ਡੇਨਿਸ ਮੰਤੁਰੋਵ ਨਾਲ ਵੀ ਵਿਚਾਰ ਵਟਾਂਦਰਾ ਕਰਨੇਗ, ਜੋ ਵਪਾਰ, ਆਰਥਿਕ, ਵਿਗਿਆਨਕ, ਤਕਨੀਕੀ ਅਤੇ ਸੱਭਿਆਚਾਰਕ ਸਹਿਯੋਗ (IRIGC–TEC) ਬਾਰੇ ਭਾਰਤ–ਰੂਸ ਅੰਤਰ–ਸਰਕਾਰੀ ਕਮਿਸ਼ਨ ਦੇ ਸੰਦਰਭ ਵਿਚ ਉਨ੍ਹਾਂ ਦੇ ਹਮਰੁਤਬਾ ਹਨ ।

4. ਇਹ ਦੌਰਾ ਦੋਹਾਂ ਪੱਖਾਂ ਵਿਚਕਾਰ ਬਾਕਾਇਦਾ ਉੱਚ–ਪੱਧਰੀ ਗੱਲਬਾਤ ਦੇ ਸਿਲਸਿਲੇ ਦੀ ਕੜੀ ਹੋਵੇਗਾ। ਵਿਦੇਸ਼ ਮੰਤਰੀ ਨੇ ਆਖਰੀ ਵਾਰ ਜੁਲਾਈ, 2021 ਵਿੱਚ ਰੂਸ ਦਾ ਦੌਰਾ ਕੀਤਾ ਸੀ ਅਤੇ ਉਸ ਤੋਂ ਬਾਅਦ ਅਪ੍ਰੈਲ, 2022 ਵਿੱਚ ਰੂਸੀ ਵਿਦੇਸ਼ ਮੰਤਰੀ ਦੀ ਨਵੀਂ ਦਿੱਲੀ ਵਿਖੇ ਫੇਰੀ ਹੋਈ ਸੀ।

ਨਵੀਂ ਦਿੱਲੀ

3 ਅਕਤੂਬਰ, 2022

DISCLAIMER: This is an approximate translation. The original is available in English on MEA’s website and may be referred to as the official press release.